ਆਤਮਿਕ ਚੱਟਾਨ ਦਾ ਪੱਥਰ ਨੰਬਰ 69

# ਦੋ ਸੁਭਾਅ
# TWO NATURES

*"ਜਿਹੜੀ ਭਲਿਆਈ ਮੈਂ ਕਰਨਾ ਚਾਹੁੰਦਾ ਹਾਂ ਉਹ ਮੈਂ ਨਹੀਂ ਕਰਦਾ ਸਗੋਂ ਜਿਹੜੀ ਬੁਰਿਆਈ ਮੈਂ ਨਹੀਂ ਚਾਹੁੰਦਾ ਸੋਈ ਕਰਦਾ ਹਾਂ ਪਰ ਜੇ ਮੈਂ ਉਹ ਕੰਮ ਕਰਦਾ ਹਾਂ ਜਿਹੜਾ ਮੈਂ ਨਹੀਂ ਚਾਹੁੰਦਾ ਤਾਂ ਕਰਨ ਵਾਲਾ ਮੈਂ ਨਹੀਂ ਸਗੋਂ ਪਾਪ ਹੈ ਜੋ ਮੇਰੇ ਵਿੱਚ ਵੱਸਦਾ ਹੈ।"*(ਰੋਮੀਆਂ ਨੂੰ **7:14–20**)

ਭਾਈ ਬ੍ਰਾਨਹਾਮ ਇਸ ਲਿਖਤ ਬਾਰੇ ਦੱਸਦਾ ਹੈ: ਮੈਨੂੰ ਇਸਨੂੰ ਚੰਗੀ ਤਰ੍ਹਾਂ ਦੱਸ ਲੈਣ ਦਿਉ, ਕਿ ਤੁਸੀਂ ਇਸਨੂੰ ਵੇਖ ਸਕੋ। ਪੌਲੁਸ ਨੇ ਕਿਹਾ,"ਮੇਰੇ ਵਿੱਚ ਦੋ ਵਿਅਕਤੀ ਹਨ: ਇਕ ਚਾਹੁੰਦਾ ਹੈ ਕਿ ਮੈਂ ਗਲਤ ਕਰਾਂ, ਤੇ ਦੂਜਾ ਚਾਹੁੰਦਾ ਹੈ ਕਿ ਮੈਂ ਸਹੀ ਕਰਾਂ ਅਤੇ ਹਰ ਸਮੇਂ ਜਦੋਂ ਮੈਂ ਸਹੀ ਕਰਨਾ ਸ਼ੁਰੂ ਕਰਦਾ ਹਾਂ, ਤਾਂ ਗਲਤ ਮੈਨੂੰ ਰੋਕਦਾ ਹੈ।"

ਤੁਸੀਂ ਇੱਕ ਬਾਹਰੀ ਆਦਮੀ ਹੋ ਜਿਹਦਾ ਕਿ ਛੇ ਗਿਆਨ ਇੰਦਰੀਆਂ ਦੁਆਰਾ ਨਿਯੰਤ੍ਰਣ ਹੁੰਦਾ ਹੈ; **ਤੇ ਤੁਸੀਂ ਇੱਕ ਅੰਦਰਲੇ ਆਦਮੀ ਹੋ ਜਿਹੜਾ ਕਿ ਇੱਕ ਗਿਆਨ ਇੰਦਰੀ ਦੁਆਰਾ ਨਿਯੰਤ੍ਰਣ ਹੁੰਦਾ ਹੈ ਜੋ ਕਿ ਵਿਸ਼ਵਾਸ ਹੈ।** ਅਤੇ ਇਹ ਵਿਸ਼ਵਾਸ ਸਾਰੀਆਂ ਛੇ ਗਿਆਨ ਇੰਦਰੀਆਂ ਨਾਲ ਸਹਿਮਤ ਨਹੀਂ ਹੈ, ਜੇ ਇਹ ਛੇ ਗਿਆਨ ਇੰਦਰੀਆਂ ਵਿਸ਼ਵਾਸ ਨਾਲ ਸਹਿਮਤ ਨਾਂ ਹੋਣ। ਪਰ ਇੱਕ ਦੂਜੇ ਦੇ ਉਲਟ ਹੈ। ਹੁਣ, **ਜਿੰਨਾ ਚਿਰ ਛੇ ਗਿਆਨ ਇੰਦਰੀਆਂ ਵਿਸ਼ਵਾਸ ਨਾਲ ਸਹਿਮਤ ਹਨ, ਸ਼ਾਨਦਾਰ, ਪਰ ਜਦ ਛੇ ਗਿਆਨ ਇੰਦਰੀਆਂ ਵਿਸ਼ਵਾਸ ਨਾਲ ਅਸਹਿਮਤ ਹੋਣ, ਤਾਂ ਇਹਨਾਂ ਛੇ ਗਿਆਨ ਇੰਦਰੀਆਂ ਨੂੰ ਛੱਡ ਦਿਉ।**

ਹੁਣ, ਇੱਥੇ ਉਦਾਹਰਣ ਦੇ ਲਈ ,ਪ੍ਰਭੂ ਯਿਸੂ ਨੇ ਇੱਕ ਬਿਆਨ ਦਿੱਤਾ, ਇੱਕ ਵਾਅਦਾ। ਅੰਦਰਲਾ ਆਦਮੀ ਕਹਿੰਦਾ ਹੈ ਇਹ ਸੱਚ ਹੈ, ਤੇ ਬਾਹਰਲਾ ਆਦਮੀ ਤਰਕ ਕਰਕੇ ਕਹਿੰਦਾ ਹੈ ਇਹ ਤੁਹਾਡੇ ਲਈ ਸੱਚ ਨਹੀ ਹੋ ਸਕਦਾ ਹੈ, **ਤਾਂ ਫਿਰ ਬਾਹਰਲੇ ਆਦਮੀ ਨੂੰ ਨਜ਼ਰ ਅੰਦਾਜ਼ ਕਰੋ ਅਤੇ ਅੰਦਰਲੇ ਆਦਮੀ ਨੂੰ ਸਵੀਕਾਰ ਕਰੋ।** ਹੁਣ, ਇਹੀ ਗੱਲ ਹੈ ਜੋ ਪੌਲੁਸ ਗੱਲ ਕਰ ਰਿਹਾ ਹੈ। ਉਸਨੂੰ ਸਰੀਰਕ ਪਾਪ ਦੇ ਲਈ ਬਿਵਸਥਾ ਹੇਠ ਵੇਚ ਦਿੱਤਾ ਗਿਆ ਸੀ। ਸਾਡੇ ਵਿੱਚੋ ਹਰ ਇਕ ਨੂੰ ਵੀ। **ਇਹੀ ਕਾਰਨ ਹੈ ਸਾਡੇ ਕੋਲ ਮੁਸੀਬਤਾਂ ਹਨ,** ਕਿ ਅਸੀਂ ਚਾਰ ਜਾਂ ਪੰਜ ਵਾਰ ਵਿਆਹ ਕਰ ਚੁਕੇ ਹਾਂ ਅਤੇ ਇਹ ਅਤੇ ਉਹ ਤੇ ਹੋਰ ਕਈ ਤਰ੍ਹਾਂ ਦੇ ਪਾਪ, ਅਤੇ ਵਿਭਚਾਰ ਅਤੇ ਇਸ ਤੋਂ ਇਲਾਵਾ ਹੋਰ ਜੋ ਸਾਡੇ ਜੀਵਨਾਂ ਵਿੱਚ ਹੈ, ਅਤੇ ਇਹਨਾਂ ਚੀਜ਼ਾਂ ਦੇ ਕਾਰਨ ਕਰਕੇ ਅਸੀ ਸਰੀਰਕ ਹਾਂ, ਅਤੇ ਇਹ ਹਿੱਸਾ ਜਰੂਰ ਨਸ਼ਟ ਹੋਣਾ ਹੈ; ਪਰ ਫਿਰ ਵੀ **ਅੰਦਰੋਂ, ਅਸੀਂ ਆਤਮਿਕ ਆਦਮੀ ਹਾਂ, ਪ੍ਰਾਣ ਦੇ ਅੰਦਰ, ਅਤੇ ਉਹ ਪਰਮੇਸ਼ਰ ਦੇ ਬਚਨ ਵਿੱਚ ਵਿਸ਼ਵਾਸ ਹੈ** (ਮਰਕਸ 11:22)**; ਫਿਰ ਅਸੀਂ ਆਪਣੇ ਬਾਹਰਲੇ ਸਰੀਰ ਨੂੰ ਪਰਮੇਸ਼ਰ ਦੁਆਰਾ ਕਹੀਆਂ ਗੱਲਾਂ ਮੰਨ ਕੇ ਵਿਸ਼ਵਾਸ ਦੇ ਅਧੀਨ ਕਰ ਲਿਆਉਂਦੇ ਹਾਂ।** (ਗਲਾਤੀਆਂ **2:19–20**)।

ਮੈਂ ਕਿਵੇਂ ਇੱਕ ਕੰਡਿਆਲਾ ਲੈ ਸਕਦਾ ਹਾਂ ਤੇ ਇਸ ਤੋਂ ਕਣਕ ਦਾ ਦਾਣਾ ਬਣਾ ਸਕਦਾ ਹਾਂ? ਮੇਰੇ ਲਈ ਇਸ ਤਰ੍ਹਾਂ ਕਰਨਾ ਅਸੰਭਵ ਹੈ। ਇਸਦਾ ਸਿਰਫ ਇੱਕ ਤਰੀਕਾ ਇਹ ਹੋ ਸਕਦਾ ਹੈ, ਕਿਉਂਕਿ ਉਸ ਅੰਦਰੂਨੀ ਕੰਡਿਆਲੇ ਦੇ ਅੰਦਰ ਇੱਕ ਕੰਡਿਆਲੇ ਤੋਂ ਇੱਕ ਜੀਵਾਣੂ ਤੱਕ ਪ੍ਰਸਾਰਿਤ ਕੀਤਾ ਜਾਂਦਾ ਜਿਸਨੂੰ ਕਣਕ ਦਾ ਜੀਵਨ ਕਿਹਾ ਜਾਂਦਾ ਹੈ।" ਫਿਰ ਤੁਸੀ ਉਸ ਕੰਡਿਆਲੇ ਨੂੰ ਜਮੀਨ ਵਿੱਚ ਦਫਨਾਉਂਦੇ ਹੋ, ਤਦ ਇਹ ਕਣਕ ਦੇ ਜੀਵਣ ਨੂੰ ਉਤਪਨ ਕਰਦਾ ਹੈ, ਕਿਉਂਕਿ ਉੱਥੇ ਕੰਡਿਆਲੇ ਵਿੱਚ **ਕਣਕ ਦੀ ਜਾਨ ਪਾਈ ਗਈ ਹੈ।** ਅਤੇ ਕੰਡਿਆਲੇ ਦਾ ਜੀਵਨ ਉੱਥੋਂ ਕੱਢ ਦਿੱਤਾ ਗਿਆ ਹੈ; **ਪਰ ਕੰਡਿਆਲੇ ਦਾ ਸੁਭਾਅ ਹਾਲੇ ਵੀ ਉੱਥੇ ਹੈ, ਤੇ ਇਹ ਉਦੋਂ ਤੱਕ ਰਹੇਗਾ ਜਦੋਂ ਤੱਕ ਇਸ ਨਵੇਂ ਜੀਵਨ ਨੂੰ ਪੂਰੀ ਤਰ੍ਹਾਂ ਨਾਲ ਜ਼ਮੀਨ ਤੋਂ ਬਾਹਰ ਵਿਕਸਿਤ ਨਹੀਂ ਕੀਤਾ ਜਾਂਦਾ ਅਤੇ ਦੁਬਾਰਾ ਤੋਂ ਨਹੀਂ ਉੱਠਾਇਆ ਜਾਂਦਾ ਹੈ।** ਜਦ ਇਹ ਅੱਗੇ ਆਉਂਦਾ ਹੈ, ਤਦ ਇਹ ਫਿਰ

ਕੰਡਿਆਲਾ ਨਹੀ ਹੁੰਦਾ, ਪਰ ਕਣਕ ਹੁੰਦਾ ਹੈ। ਪਰ ਜਦ ਇਹ ਇੱਥੇ ਜ਼ਮੀਨ ਦੇ ਉਪਰ ਹੈ ਅਤੇ ਜ਼ਮੀਨ ਤੋਂ ਬਾਹਰ ਹੈ... ਇੱਕ ਕੰਡਿਆਲਾ ਹੈ, ਇੱਥੇ ਹਾਲੇ ਵੀ ਚੁਭਣ ਵਾਲਾ ਹੈ, ਪਰ ਇਹ ਕਣਕ ਦੇ ਅੰਦਰੋਂ ਸੁਭਾਅ ਨੂੰ ਪ੍ਰਾਪਤ ਕਰਦਾ ਹੈ।

ਅਤੇ ਜਦੋਂ ਤੀਕਰ ਤੁਸੀਂ ਇਸ ਜੀਵਨ ਵਿੱਚ ਹੋ, ਤੁਸੀਂ ਚੁਭਣ ਵਾਲੇ ਰਹਿਣ ਵਾਲੇ ਹੋ ਤੇ ਇੱਕ ਸਰੀਰਕ ਸੁਭਾਅ ਹੁੰਦਾ ਹੈ ਜੋ ਕਿ ਤੁਹਾਨੂੰ ਉਦੋਂ ਤੱਕ ਪ੍ਰੇਸ਼ਾਨ ਕਰਦਾ ਹੈ ਜਦ ਤੀਕਰ ਤੁਸੀਂ ਜੀਉਂਦੇ ਰਹਿੰਦੇ ਹੋ (ਗਲਾਤੀਆਂ 6:1,ਯਕੂਬ 3:1–2), ਪਰ ਤੁਹਾਡੇ ਅੰਦਰ , ਤੁਸੀ ਦੁਬਾਰਾ ਜਨਮ ਲਿਆ ਹੈ (1ਪਤਰਸ1:23)। ਅਤੇ ਜਦੋਂ ਤੁਸੀਂ ਉਪਰ ਉਠਦੇ ਹੋ, ਤਾਂ ਤੁਸੀ ਮਸੀਹ ਵਰਗੇ ਬਣ ਜਾਂਦੇ ਹੋ, ਤੇ ਸਾਰੇ ਪਾਪ ਤੁਹਾਡੇ ਤੋਂ ਦੂਰ ਚਲੇ ਜਾਂਦੇ ਹਨ (ਅਫਸੀਆਂ 4:15–16, ਰੋਮੀਆਂ 7:21–25) ਦੇਖੋ? ਇਹ ਗੱਲ ਹੈ।

ਕੀ ਮੈਂ ਇਹ ਕਹਿ ਸਕਦਾ ਹਾਂ? ਭਾਰਤੀ ਲੋਕ ਸਾਡੇ ਲਈ ਅਜੀਬ ਹਨ। ਅਤੇ ਜੇ ਤੁਸੀਂ ਉਹਨਾਂ ਨੂੰ ਜਾਣਦੇ ਹੋ, ਉਹ ਬਿਲਕੁਲ ਠੀਕ ਹਨ। ਮੈਂ ਫਿਨਿਕਸ, ਅਰੀਜ਼ੋਨਾ ਵਿੱਚ ਇੱਕ ਨੂੰ ਯਾਦ ਕਰਦਾ ਹਾਂ। ਬਿਲੀ ਪ੍ਰਾਰਥਨਾ ਕਾਰਡ ਦੇਣ ਲਈ ਨੀਚੇ ਜਾ ਰਿਹਾ ਸੀ। ਉਹ ਸਿਰਫ਼ ਉਥੇ ਖੜ੍ਹਾ ਸੀ ਅਤੇ ਪ੍ਰਾਰਥਨਾ ਕਾਰਡ ਦੇ ਰਿਹਾ ਸੀ। ਅਤੇ ਉਹ ਲੋਕ ਜੋ ਉੱਥੇ ਉੱਪਰ ਆ ਸਕਦੇ ਸਨ ਅਤੇ ਪ੍ਰਾਰਥਨਾ ਕਾਰਡ ਲੈ ਸਕਦੇ ਸਨ.... ਜਦਕਿ ਠੀਕ ਲੋਕ, ਜਿਹਨਾਂ ਨੂੰ ਅਸਲ ਵਿੱਚ ਸਿਰ ਦਰਦ, ਦੰਦ ਦਾ ਦਰਦ, ਪੈਰ ਦੀ ਉਂਗਲੀ ਵਿੱਚ ਕੋਈ ਸੱਮਸਿਆ, ਕੇਵਲ ਉਹਨਾਂ ਨੂੰ ਹੀ ਪ੍ਰਾਰਥਨਾ ਕਾਰਡ ਮਿਲੇ। ਅਤੇ ਉੱਥੇ ਕੁਝ ਅਜਿਹੇ ਲੋਕ ਵੀ ਬੈਠੇ ਸਨ ਜੋ ਕੈਂਸਰ ਨਾਲ ਮਰ ਰਹੇ ਸਨ ਤੇ ਬੇਚਾਰੇ ਅਪੰਗ ਲੋਕ ਜੋ ਕਿ ਪ੍ਰਾਰਥਨਾ ਲਾਈਨ ਵਿੱਚ ਨਹੀਂ ਆਏ ਸਨ। ਮੈਂ ਕਿਹਾ,"ਬਿਲੀ ਉੱਥੇ ਨੀਚੇ ਜਾਉ ਅਤੇ ਲੋਕਾਂ ਨੂੰ ਪੁੱਛੋ ਉਹਨਾਂ ਨਾਲ ਕੀ ਸੱਮਸਿਆ ਹੈ ਅਤੇ ਜੇ ਉਹਨਾਂ ਨੂੰ ਕੈਂਸਰ ਜਾਂ ਕੋਈ ਭਿਆਨਕ ਬਿਮਾਰੀ, ਜਾਂ ਕੁਝ ਇਸ ਤਰ੍ਹਾਂ ਦਾ ਨਹੀਂ ਹੈ, ਜੋ ਉਹਨਾਂ ਨੂੰ ਮਾਰਨ ਵਾਲਾ ਹੋਵੇ , ਤਾਂ ਉਹਨਾ ਨੂੰ ਪ੍ਰਾਰਥਨਾ ਕਾਰਡ ਨਾਂ ਦਿਉ। ਉਹਨਾ ਲੋਕਾਂ ਨੂੰ ਉੱਪਰ ਪ੍ਰਾਰਥਨਾ ਲਾਈਨ ਵਿੱਚ ਲੈ ਆਉ ਜੋ ਕਿ ਪ੍ਰਮੇਸ਼ੁਰ ਦੀ ਮੱਦਦ ਤੋਂ ਬਿਨ੍ਹਾ ਮਰ ਰਹੇ ਹਨ। ਦੂਸਰੇ ਲੋਕਾਂ ਨੂੰ ਹਾਲੇ ਇੰਤਜ਼ਾਰ ਕਰਨ ਦਿਉ। ਉਹਨਾਂ ਨੂੰ ਇੱਕ ਜਲਦੀ ਵਾਲੀ ਕਤਾਰ ਵਿੱਚ ਆਉਣ ਦਿਉ ਜਾਂ ਕੁਝ ਹੋਰ।"

"ਠੀਕ ਹੈ, ਮੈਂ ਇਹ ਕਰਾਗਾਂ।"

ਉਹ ਨੀਚੇ ਜਾਂਦਾ ਹੈ; ਉੱਥੇ ਇੱਕ ਬੁੱਢਾ ਭਾਰਤੀ ਸੀ–– ਅਤੇ ਉਹ ਬੁਹਤ ਅਜੀਬ ਸਨ–ਉਹ ਕੁਰਸੀ ਤੇ ਬੈਠ ਨਹੀਂ ਸਕਦਾ ਸੀ। ਉਹਨਾਂ ਨੇ ਉਸ ਨੂੰ ਇੱਕ ਕੁਰਸੀ ਦਿੱਤੀ, ਪਰ ਉਹ ਤੰਬੂ ਵਿੱਚ ਫਰਸ਼ ਤੇ ਬੈਠ ਗਿਆ। ਉਸ ਦੇ ਕੋਲ ਇੱਕ ਟੋਪੀ ਸੀ; ਉਹ ਇਸਨੂੰ ਉਤਾਰਨਾ ਨਹੀ ਚਾਹੁੰਦਾ ਸੀ; ਇਸਦੇ ਪਿਛਲੇ ਪਾਸੇ ਇਕ ਖੰਭ ਲੱਗਾ ਹੋਇਆ ਸੀ, ਬਸ ਉੱਥੇ ਬੈਠਾ ਰਿਹਾ।

ਬਿਲੀ ਉਸਦੇ ਕੋਲ ਗਿਆ, ਤੇ ਉਹ ਉਸਦੇ ਕੋਲ ਦੀ ਲੰਘਿਆ, ਅਤੇ ਉਸਨੇ ਕਿਹਾ,"ਕੀ ਤੁਸੀਂ ਪ੍ਰਾਰਥਨਾ ਕਾਰਡ ਚਾਹੁੰਦੇ ਹੋ?"

"ਹਮਮਮ।"

ਉਸਨੇ ਕਿਹਾ," ਤੁਹਾਨੂੰ ਕੀ ਸੱਮਸਿਆ ਹੈ, ਚੀਫ਼।"

ਉਸਨੇ ਕਿਹਾ," ਮੈਂ ਬਿਮਾਰ ਹਾਂ!''

ਉਸਨੇ ਕਿਹਾ," ਪਰ ਤੁਹਾਡੀ ਕੀ ਸਮੱਸਿਆ ਹੈ?"

ਉਸਨੇ ਕਿਹਾ," ਮੈਂ ਬਿਮਾਰ ਹਾਂ।"

ਉਸਨੇ ਕਿਹਾ," ਪਰ ਮੈਂ ਜਾਨਣਾ ਚਾਹੁੰਦਾ ਹਾਂ ਕਿ ਤੁਹਾਨੂੰ ਕੀ ਸਮੱਸਿਆ ਹੈ!"

ਉਸਨੇ ਕਿਹਾ," ਮੈਂ ਬਿਮਾਰ ਹਾਂ!"

ਬਸ ਉਹ ਇਹ ਹੀ ਸੱਭ ਉਸ ਵਿੱਚੋਂ ਬਾਹਰ ਕੱਢਵਾ ਸਕਿਆ, ਕਿਹਾ," ਠੀਕ ਹੈ, ਮੈਂ ਥੋੜ੍ਹੀ ਦੇਰ ਬਾਅਦ ਵਾਪਸ ਆਉਂਦਾ ਹਾਂ।"ਤਾਂ ਬਿਲੀ ਅੱਗੇ ਚੱਲਦਾ ਹੋਇਆ ਲੋਕਾਂ ਤੋ ਪੁੱਛ ਰਿਹਾ ਸੀ। ਪੁਰਾਣੇ ਭਾਰਤੀ ਆਪਣੇ ਪ੍ਰਾਰਥਨਾ ਕਾਰਡ ਦੇਖਦੇ ਰਹੇ ਉਹ ਪਤਲੇ ਤੇ ਪਤਲੇ ਹੋ ਰਹੇ ਸਨ। ਹਰ ਸਮੇਂ ਉਹ ਪ੍ਰਾਰਥਨਾ ਕਾਰਡ ਨੂੰ ਆਪਣੀ ਜੇਬ ਵਿੱਚੋਂ ਬਾਹਰ ਕੱਢਦੇ ਤੇ ਦੇਖਦੇ ਉਹ ਥੋੜ੍ਹੇ ਹੋਰ ਪਤਲੇ ਹੋ ਗਏ ਸਨ। ਥੋੜ੍ਹੇ ਸਮੇਂ ਬਾਅਦ, ਪੁਰਾਣਾ ਭਾਰਤੀ ਖੜ੍ਹਾ ਹੋਇਆ, ਤੇ ਆਇਆ, ਤੇ ਬਿਲੀ ਦੀ ਪਿੱਠ ਤੇ ਥਪਥਪਾਇਆ ਤੇ ਉਸਨੂੰ ਯਾਦ ਕਰਵਾਉਣ ਲਈ ਕਿ ਉਹ ਵੀ ਇੱਥੇ ਹੈ। ਉਸਨੇ ਕਿਹਾ," ਚੀਫ਼, ਤੁਹਾਨੂੰ ਕੀ ਸੱਮਸਿਆ ਹੈ?"

ਉਸਨੇ ਕਿਹਾ," ਮੈਂ ਬਿਮਾਰ ਹਾਂ!"

ਉਸਨੇ ਕਿਹਾ," ਠੀਕ ਹੈ, ਚੀਫ਼, ਤੁਹਾਨੂੰ ਮੈਨੂੰ ਦੱਸਣਾ ਪਵੇਗਾ। ਡੈਡੀ ਨੇ ਕਿਹਾ ਕਿ ਇਹਨਾਂ ਕਾਰਡਾਂ ਨੂੰ ਉਹਨਾਂ ਲੋਕਾਂ ਨੂੰ ਨਹੀਂ ਦੇਣਾ ਚਾਹੀਦਾ, ਜਿਹਨਾਂ ਨੂੰ ਪੇਟ ਦਰਦ, ਅਤੇ ਸਿਰ ਦਰਦ , ਆਦਿ ਚੀਜਾਂ ਦੀ ਤਰ੍ਹਾਂ ਸੀ। ਇਹਨਾਂ ਨੂੰ ਉਹਨਾਂ ਲੋਕਾਂ ਨੂੰ ਦਿਉ ਜੋ ਕਿ ਅਸਲ ਵਿੱਚ ਬਿਮਾਰ ਸੀ।" ਕਿਹਾ," ਤੁਸੀ ਕਿੰਨੇ ਬਿਮਾਰ ਹੋ, ਚੀਫ਼?""

ਉਸਨੇ ਕਿਹਾ, " ਮੈਂ ਬਿਮਾਰ ਹਾਂ।" ਉਸਨੇ ਉਸਨੂੰ ਫਿਰ ਹੇਠਾਂ ਬਿਠਾ ਦਿੱਤਾ ਅਤੇ ਇਸ ਤੋਂ ਪਹਿਲਾ ਕਿ ਉਸਦੇ ਕਾਰਡ ਅਸਲ ਵਿੱਚ ਚਲੇ ਜਾਣ। ਕੁਝ ਪਲ ( ਉਹ ਉਹਨਾ ਕਾਰਡਾਂ ਨੂੰ ਦੇਖਦਾ ਰਿਹਾ) ਉਹ ਵਾਪਸ ਆਇਆ ਤੇ ਉਸ ਨੇ ਫਿਰ ਤੋਂ ਉਸਨੂੰ ਥਪਥਪਾਇਆ। ਬਿਲੀ ਨੇ ਉਸਦੇ ਹੱਥ ਉੱਤੇ ਕਾਰਡ ਰੱਖਿਆ, ਕਿਹਾ, "ਚੀਫ਼, ਜਾਉ ਉੱਥੇ ਲਿਖੋ, ਮੈਂ ਬਿਮਾਰ ਹਾਂ।"" ਉਹ ਪ੍ਰਾਰਥਨਾ ਲਾਈਨ ਵਿੱਚ ਗਿਆ, ਅਤੇ ਮੈਂ ਉਸ ਦੇ ਲਈ ਪ੍ਰਾਰਥਨਾ ਕਰ ਰਿਹਾ ਸੀ, ਅਤੇ ਮੈਂ ਕਿਹਾ," ਕੀ ਤੁਸੀ ਵਿਸ਼ਵਾਸ ਕਰਨਾ ਚਾਹੁੰਦੇ ਹੋ, ਚੀਫ਼?"

ਉਸਨੇ ਕਿਹਾ," ਇਹ ਸਹੀ ਹੈ।"

ਅਤੇ ਮੈਂ ਕਿਹਾ," ਠੀਕ ਹੈ, ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਚੰਗਾ ਕਰੇਗਾ?"

ਉਸ ਨੇ ਕਿਹਾ," ਇਹ ਠੀਕ ਹੈ।"

ਮੈਂ ਕਿਹਾ " ਤੁਸੀ ਇੱਕ ਵਧੀਆ ਲੜਕੇ ਹੋ?"

ਉਸਨੇ ਕਿਹਾ," ਇਹ ਠੀਕ ਹੈ।

ਕਰੀਬ ਇੱਕ ਹਫ਼ਤੇ ਬਾਅਦ ਮੈਂ ਉਸਨੂੰ ਮਿਲਿਆ। ਮੈਂ ਕਿਹਾ," ਕੀ ਤੁਸੀਂ ਸਭ ਠੀਕ ਹੋ, ਚੀਫ਼?"

ਉਸਨੇ ਕਿਹਾ,"ਇਹ ਠੀਕ ਹੈ।" ਪਤਾ ਕਰਨ ਲਈ, ਮੈਂ ਉਸ ਮਿਸ਼ਨਰੀ ਨਾਲ ਗੱਲ ਕੀਤੀ, ਸਫੇਦ ਮੁੱਛਾਂ ਵਾਲਾ ਉਹ ਬੁੱਢਾ, ਅਪਾਚੇ। ਮੈਂ ਉਸਦਾ ਨਾਮ ਨਹੀਂ ਸੋਚ ਸਕਦਾ। ਉਸਨੇ ਕਿਹਾ," ਭਾਈ ਬ੍ਰਾਨਹਾਮ, ਬਸ ਉਹ ਇੰਨਾ ਹੀ ਕਹਿ ਸਕਦਾ ਹੈ।" ਕਿਹਾ," ਮੈਂ ਉਸਨੂੰ ਕਹਿਣਾ ਸਿਖਾਇਆ ਭਈ,'ਮੈਂ ਬਿਮਾਰ ਹਾਂ।' ਸਿਰਫ਼ ਇਹੀ ਗੱਲ ਉਹ ਕਹਿ ਸਕਦਾ ਹੈ,' ਇਹ ਠੀਕ ਹੈ।" ਤਾਂ ਇਹ ਹੈ ਇਸ ਦੇ ਬਾਰੇ ਵਿੱਚ ,ਤੁਸੀ ਦੇਖਦੇ ਹੋ। "ਇਹ ਸਹੀ ਹੈ। ਮੈਂ ਬਿਮਾਰ ਹਾਂ!"

**ਕਿਸੇ ਨੇ ਮੈਨੂੰ ਦੱਸਿਆ, ਕਿ ਇੱਕ ਸਮੇਂ ਉਹ ਬਦਲ ਗਿਆ, ਪਵਿੱਤਰ ਆਤਮਾ ਪ੍ਰਾਪਤ ਕੀਤਾ, ਅਤੇ ਉਸਨੇ ਉਸਨੂੰ ਕਿਹਾ," ਤੁਸੀਂ ਕਿਸ ਤਰ੍ਹਾਂ ਹੋ?"**

**ਉਸਨੇ ਕਿਹਾ," ਬਹੁਤ ਵਧੀਆ ਤੇ ਬਹੁਤ ਬੁਰਾ।"**

ਉਸਨੇ ਕਿਹਾ," ਠੀਕ ਹੈ, ਤੁਹਾਡਾ ਕੀ ਮਤਲਬ ਹੈ ਬਹੁਤ ਬੁਰਾ ਅਤੇ ਬਹੁਤ ਵਧੀਆ?"

ਉਸਨੇ ਕਿਹਾ," ਠੀਕ ਹੈ, ਜਦ ਤੋਂ ਮੈ ਪਵਿੱਤਰ ਆਤਮਾ ਪ੍ਰਾਪਤ ਕੀਤਾ ਹੈ," ਉਸਨੇ ਕਿਹਾ," ਮੇਰੇ ਵਿੱਚ ਦੋ ਕੁੱਤੇ ਹਨ, ਅਤੇ ਉਹਨਾਂ ਵਿੱਚੋ ਇੱਕ ਕਾਲਾ ਕੁੱਤਾ ਹੈ ਅਤੇ ਇੱਕ ਸਫ਼ੈਦ ਕੁੱਤਾ ਹੈ।" ਅਤੇ ਕਿਹਾ," ਉਹ ਹਰ ਸਮੇਂ ਆਪਸ ਵਿੱਚ ਲੜਦੇ ਤੇ ਝਗੜਦੇ ਰਹਿੰਦੇ ਹਨ।" ਅਤੇ," ਸਫ਼ੈਦ ਕੁੱਤਾ ਚਾਹੁੰਦਾ ਹੈ ਕਿ ਮੈਂ ਸਹੀ ਕਰਾਂ, ਕਾਲਾ ਕੁੱਤਾ ਚਾਹੁੰਦਾ ਹੈ ਕਿ ਮੈਂ ਬੁਰਾ ਕਰਾਂ।"

ਕਿਹਾ," ਠੀਕ ਹੈ, ਚੀਫ਼, ਉਹਨਾਂ ਵਿੱਚੋ ਕੋਣ ਲੜਾਈ ਜਿੱਤਦਾ ਹੈ?"

ਕਿਹਾ," **ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਚੀਫ਼ ਕਿਸਨੂੰ ਜਿਆਦਾ ਭੋਜਨ ਦਿੰਦਾ ਹੈ।**" ਤਾਂ ਇਸ ਲਈ ਮੈਨੂੰ ਲੱਗਦਾ ਹੈ ਕਿ ਇਹ ਇੱਥੇ ਚੰਗਾ ਜਵਾਬ ਹੈ। ਸਮਝੇ? ਇਹ ਸਿਰਫ਼ ਸਰੀਰ ਦੇ ਯੁੱਧ ਤੇ ਨਿਰਭਰ ਕਰਦਾ ਹੈ ਜੋ ਤੁਹਾਡੇ ਵਿੱਚ ਹੈ, ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕਿਸ ਤੇ ਤੁਸੀਂ ਜਿਆਦਾ ਧਿਆਨ ਦਿੰਦੇ ਹੋ, ਤੁਸੀਂ ਕਿਸ ਸੁਭਾਅ ਨੂੰ ਤੁਸੀਂ ਖੁਆਉਂਦੇ ਹੋ, ਸਰੀਰਕ ਸੁਭਾਅ ਸੰਸਾਰ ਦੀਆ ਚੀਜਾਂ, ਜਾਂ ਫਿਰ ਆਤਮਿਕ ਸੁਭਾਅ ਪ੍ਰਮੇਸ਼ੁਰ ਦੀਆਂ ਚੀਜਾਂ। ਉਸਨੇ ਇਸ ਤਰ੍ਹਾਂ ਕੀਤਾ (**2 ਪਤਰਸ 1: 3–11**)। [1]

" ਮਸੀਹ ਸਾਡੇ ਪ੍ਰਭੂ ਦੇ ਵਸੀਲੇ ਪਰਮੇਸ਼ੁਰ ਦਾ ਧੰਨਵਾਦ ਹੋਵੇ! ਸੋ ਮੈਂ ਆਪ ਬੁੱਧ ਨਾਲ ਪਰਮੇਸ਼ੁਰ ਦੇ ਕਾਨੂੰਨ ਦੀ ਗੁਲਾਮੀ ਕਰਦਾ ਪਰ ਸਰੀਰ ਨਾਲ ਪਾਪ ਦੇ ਕਾਨੂੰਨ ਦੀ" (ਰੋਮੀਆ **7:25**)।

ਸੱਭ ਠੀਕ ਹੈ। ਠੀਕ ਇਹੀ ਗੱਲ ਪੋਲੁਸ ਨੇ ਕਈ ਵਾਰ ਕਹੀ ਹੈ। **ਜਦੋਂ ਵੀ ਮੈਂ ਚੰਗਾ ਕਰਨਾ ਚਾਹੁੰਦਾ ਹਾਂ, ਤਾਂ ਬੁਰਿਆਈ ਹਾਜ਼ਰ ਹੁੰਦੀ ਹੈ** (ਰੋਮੀਆ **7:21**)। ਠੀਕ ਇਸੇ ਤਰ੍ਹਾਂ ਤੁਸੀਂ ਵੀ ਕਰਦੇ ਹੋ। **"ਆਪਣੇ ਮਨ ਦੇ ਨਾਲ", ਜੋ ਤੁਹਾਡਾ ਦਿਲ ਹੈ** (ਕਹਾਉਤਾਂ **23:7** )। ਹੁਣ ਯਾਦ ਰਖੋ, ਤੁਸੀਂ ਆਪਣੇ ਦਿਮਾਗ ਨਾਲ ਨਹੀਂ ਸੋਚਦੇ ਨਾਂ ਹੀ ਆਪਣੀਆਂ ਅੱਖਾਂ ਨਾਲ ਦੇਖਦੇ ਹੋ। ਤੁਸੀ ਆਪਣੇ ਦਿਲ ਨਾਲ ਦੇਖਦੇ ਹੋ। ਕੀ ਤੁਸੀਂ ਇਹ ਜਾਣਦੇ ਹੋ? ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਦਿਲ ਵਿੱਚ ਤੁਹਾਡੇ ਤੋਂ ਇਲਾਵਾ ਇੱਕ ਹੋਰ ਵਿਅਕਤੀ ਹੈ? ਵਿਗਿਆਨ ਨੇ ਇਸਨੂੰ ਚਾਰ ਸਾਲ ਪਹਿਲਾ ਲੱਭਿਆ ਹੈ, ਤੁਸੀਂ ਜਾਣਦੇ ਹੋ। ਦਿਲ ਵਿੱਚ ਛੋਟਾ ਜਿਹਾ ਸਥਾਨ ਹੈ, **ਉਹ ਕਹਿੰਦੇ ਹਨ ਕਿ ਪ੍ਰਾਣ ਇੱਥੇ ਰਹਿੰਦਾ ਹੈ।**

ਤੁਹਾਨੂੰ ਝੂਠ ਬੋਲਣ ਲਈ ਨਹੀਂ ਬਣਾਇਆ ਗਿਆ ਹੈ। ਇਹੀ ਕਾਰਣ ਹੈ ਕਿ ਤੁਹਾਨੂੰ ਦੁਬਾਰਾ ਤੋਂ ਜੀਣਾ ਪੈਣਾ ਹੈ, ਕਿਉਂਕਿ ਤੁਸੀਂ ਬਣੇ ਸੀ, **ਹਮੇਸ਼ਾ ਜੀਉਣ ਦੇ ਲਈ ਬਣਾਏ ਗਏ ਸੀ, ਕਿ ਹਮੇਸ਼ਾ ਜੀਉਂਦੇ ਰਹੋ**। ਪਰ ਦੇਖੋ, ਪਾਪ ਆਇਆ ਤੇ ਸਰੀਰ ਵਿੱਚ ਮੌਤ ਨੂੰ ਲੈ ਆਇਆ। ਅਤੇ ਫਿਰ, ਜਦ ਪਾਪ ਅੰਦਰ ਆਇਆ ਅਤੇ ਸਰੀਰ ਵਿੱਚ ਮੌਤ ਲੈ ਆਇਆ, ਤਾਂ ਜਰੂਰੀ ਹੈ, ਸਰੀਰ ਨੂੰ ਮਰਨਾ ਪਵੇਗਾ (ਜਬੂਰ **51:5**)। **ਪਰ ਉੱਥੇ ਅਨੰਤ ਜੀਵਨ ਦਾ ਵਾਸ ਹੋ ਸਕਦਾ ਹੈ, ਜਦੋਂ ਇਹ ਆਤਮਾ ਤੁਹਾਡੇ ਵਿੱਚ ਬਦਲ ਜਾਂਦਾ ਹੈ** (ਜਬੂਰ **51:10**) **ਤੇ ਤੁਹਾਨੂੰ ਅਨੰਤ ਜੀਵਨ ਦੀ ਪ੍ਰਾਪਤੀ ਹੁੰਦੀ ਹੈ** ( ਯੂਹੰਨਾ **5:24–29**)। ਪਰਮੇਸ਼ੁਰ ਅੰਤਮ ਦਿਨ ਫਿਰ ਉਸ ਸਰੀਰ ਨੂੰ ਉਠਾ ਲਏਗਾ। ਉਸਨੇ ਕਿਹਾ ਉਹ ਇਹ ਕਰੇਗਾ।

ਉਸਨੇ ਦੂਸਰੀ ਜਗ੍ਹਾ ਕਿਹਾ," ਮੈਨੂੰ ਲੱਗਦਾ ਹੈ ਕਿ ਮੇਰੇ ਕੋਲ ਮਸੀਹ ਦਾ ਸੁਭਾਅ ਹੈ।"(**1** ਕੁਰਿੰਥੀਆਂ **2:9–16**)। ਹੁਣ, ਉਸ ਸੁਭਾਅ ਵਿੱਚ, **ਮਸੀਹ ਦੇ ਸੁਭਾਅ ਨਾਲ ਤੁਸੀਂ ਪਰਮੇਸ਼ੁਰ ਦੀ ਸੇਵਾ ਕਰਦੇ ਹੋ।** ਦੇਖੋ, **ਅੰਦਰਲੇ ਹਿੱਸੇ ਵਿੱਚ, ਤੁਸੀਂ ਪਰਮੇਸ਼ੁਰ ਦੀ ਸੇਵਾ ਕਰਦੇ ਹੋ। ਉਹ ਉਪਚੇਤਨਾ ਹੈ, ਜਿੱਥੇ ਵਿਸ਼ਵਾਸ ਰਹਿੰਦਾ ਹੈ** (ਰੋਮੀਆ **10:10**)।

ਪੌਲੁਸ ਨੇ ਤਦ ਕਿਹਾ," ਆਪਣੇ ਮਨ/ਸੁਭਾਅ ਦੇ ਨਾਲ– **ਅਤੇ ਮੇਰੇ ਕੋਲ ਮਸੀਹ ਦਾ ਸੁਭਾਅ ਹੈ– ਮੈਂ ਪਰਮੇਸ਼ੁਰ ਦੀ ਸੇਵਾ ਆਪਣੇ ਮਨ/ਸੁਭਾਅ ਨਾਲ ਕਰਦਾ ਹਾਂ, ਪਰ ਆਪਣੇ ਸਰੀਰ ਨਾਲ, ਪਾਪ ਦੇ ਕਾਨੂੰਨ ਦੀ।**" ਇਹ ਕੀ ਹੈ? ਮੇਰਾ ਸਰੀਰ ਅੱਜ ਰਾਤ ਕਹਿੰਦਾ ਹੈ," ਤੂੰ ਬਹੁਤ ਥੱਕਿਆ ਹੋਇਆ ਹੈ। ਤੇਰਾ ਗਲਾ ਵੀ ਬਹੁਤ ਖਰਾਬ ਹੋ ਗਿਆ ਹੈ। ਅੱਜ ਤੂੰ ਹਵਾ ਵਿੱਚ ਬਾਹਰ ਰਿਹਾਂ ਹੈਂ। ਤੂੰ ਅੱਜ ਰਾਤ ਕਲੀਸਿਆ ਵਿੱਚ ਨਹੀਂ ਜਾਏਂਗਾ।" ਇਹ ਸਰੀਰ ਦਾ ਕਾਨੂੰਨ ਹੈ। ਹੁਣ, **ਮੇਰਾ ਮਨ, ਅੰਦਰ ਪੱਵਿਤਰ ਆਤਮਾ ਨੇ ਕਿਹਾ," ਤੂੰ ਆਪਣਾ ਵਾਅਦਾ ਪੂਰਾ ਕਰ।"**

ਪੌਲੁਸ ਨੇ ਕਿਹਾ," ਮੇਰਾ ਸਰੀਰ ਚਾਹੁੰਦਾ ਹੈ ਕਿ ਹਮੇਸ਼ਾ ਇਸਤੇ ਨਿਰਭਰ ਰਹਾਂ।" ਤੁਹਾਡਾ ਸਰੀਰ ਵੀ ਇਸੇ ਤਰ੍ਹਾਂ ਕਰਦਾ ਹੈ। ਪਰ ਹਿਰਦੇ ਵਿੱਚ ਪਰਮੇਸ਼ੁਰ ਦੀ ਆਤਮਾ ਦਾ ਨਿਯਮ ਸਰੀਰ ਨੂੰ ਜਿੱਤ ਲੈਂਦਾ ਹੈ (ਗਲਾਤੀਆ **5:16–18**) ਅਤੇ ਸਰੀਰ ਨੂੰ ਇੰਝ ਬਣਾਉਂਦਾ ਹੈ ਕਿ ਹਿਰਦਾ ਜੋ ਕਹਿੰਦਾ ਹੈ ਉਸ ਦੀ ਆਗਿਆ ਕਰੇ। ਹਾਲੇਲੂਯਾਹ!

ਦੇਖੋ, ਜੇ ਇਹ ਪਾਪੀ ਦੇ ਲਈ ਇਸ ਤਰ੍ਹਾਂ ਕਰੇਗਾ, ਫਿਰ ਕਿ ਉਹ ਬਿਮਾਰੀ ਦੇ ਲਈ ਵੀ ਕੰਮ ਨਹੀਂ ਕਰੇਗਾ? ਹਿਰਦੇ ਵਿੱਚ ਪਰਮੇਸ਼ੁਰ ਦੇ ਆਤਮਾ ਦਾ ਕਨੂੰਨ (ਰੋਮੀਆਂ 8:1-11) ਉਹ ਹੈ ਜੋ ਇਹ ਜਾਣਦਾ ਹੈ। "ਉਸਦੇ ਕੋਰੜੇ ਖਾਣ ਨਾਲ ਅਸੀਂ ਚੰਗੇ ਹੋ ਗਏ ਹਾਂ,"(1 ਪਤਰਸ 2:21-25) ਉਹ ਆਪਣੀ ਸ਼ਕਤੀ ਨਾਲ ਖੜ੍ਹੇ ਹੁੰਦੇ ਹਨ **ਤਾਂ ਕਿ ਉਸ ਸਰੀਰ ਵਿੱਚਲੀ ਬਿਮਾਰੀ ਉਹਨਾਂ ਦੀ ਆਗਿਆ ਮੰਨੇ, ਕਿਉਂਕਿ ਇਹ ਸ਼ੈਤਾਨ ਹੈ**। ਤੁਸੀਂ ਇੱਥੇ ਹੋ।

**ਹੁਣ, ਤੁਹਾਡੇ ਸਰੀਰ ਵਿੱਚ ਪਾਪ ਅਤੇ ਮੌਤ ਦਾ ਕਾਨੂੰਨ ਕੰਮ ਕਰਦਾ ਹੈ, ਪਰ ਜੀਵਨ ਦੇ ਆਤਮਾ ਦਾ ਕਾਨੂੰਨ ਤੁਹਾਡੇ ਦਿਲ ਵਿੱਚ ਕੰਮ ਕਰਦਾ ਹੈ**। ਇਸ ਲਈ ਤੁਹਾਡਾ ਦਿਲ, ਤੁਹਾਡੇ ਦਿਲ ਵਿੱਚ ਤੁਹਾਡਾ ਆਤਮਾ ਤੁਹਾਡੇ ਸਰੀਰ ਨੂੰ ਇਸ ਤਰ੍ਹਾਂ ਦਾ ਬਣਾਏਗਾ ਕਿ ਇਹ ਆਤਮਾ ਜੋ ਕਹਿੰਦਾ ਹੈ ਉਸਦੀ ਪਾਲਣਾ ਕਰੇ। ਇਹ ਬਿਲਕੁਲ ਠੀਕ ਹੈ। ਹੁਣ, ਪੌਲੁਸ ਨੇ ਇਹ ਹੀ ਕਿਹਾ ਹੈ। ਹਮੇਸ਼ਾ ਸਰੀਰ ," ਮੈਂ ਬਹੁਤ ਥੱਕ ਗਿਆ ਹਾਂ ; ਮੈਂ ਅਸਮਰੱਥ ਹਾਂ; ਮੈਂ ਕਾਫੀ ਨਹੀਂ ਹਾਂ; ਮੈਂ ਇਹ ਨਹੀਂ ਕਰ ਸਕਦਾ ਹਾਂ।"[2]

ਦੂਤ ਇੱਕਠੇ ਜੁੜਦੇ ਹਨ। ਔਹ, ਮੈ ਉਮੀਦ ਕਰਦਾ ਹਾਂ ਤੁਸੀਂ ਇਹ ਪ੍ਰਾਪਤ ਕਰੋਗੇ, ਜੋ ਕਿ ਹੁਣੇ ਹੀ ਹੇਠਾਂ ਆਇਆ ਹੈ, ਮੁਫ਼ਤ, ਸਮਝੇ! **ਅਤੇ ਜੇਕਰ ਪਵਿੱਤਰ ਆਤਮਾ ਤੁਹਾਡੇ ਵਿੱਚ ਹੈ, ਤਾਂ ਤੁਸੀਂ ਅਣਡਿਠ ਸੰਸਾਰ ਅਤੇ ਅਲੌਕਿਕ ਦੇ ਨਾਲ ਜੁੜੇ ਹੋਣ ਲਈ ਇੱਕ ਉਮੀਦਵਾਰ ਹੋ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਲੋਕ ਉਹਨਾਂ ਚੀਜ਼ਾਂ ਤੇ ਵਿਸ਼ਵਾਸ ਨਹੀਂ ਕਰ ਸਕਦੇ, ਉਹ ਕਦੇ ਵੀ ਸੰਪਰਕ ਵਿੱਚ ਨਹੀਂ ਆਏ। ਉਹਨਾਂ ਕੋਲ ਵਿਸ਼ਵਾਸ ਕਰਨ ਲਈ ਇੱਥੇ ਕੁਝ ਵੀ ਨਹੀਂ ਹੈ। ਪਰ ਜਦੋਂ ਪਵਿੱਤਰ ਆਤਮਾ ਦਿਲ ਵਿੱਚ ਆਉਂਦਾ ਹੈ, ਜਲਦੀ ਨਾਲ ਫਿਰ ਉਹ ਦੋਹਰਾ ਪ੍ਰਾਣੀ ਹੋ ਜਾਂਦਾ ਹੈ: ਇੱਕ ਧਰਤੀ ਉੱਤੇ, ਮਰਨ ਲਈ; ਅਤੇ ਇੱਕ ਸਵਰਗ ਵਿੱਚ, ਜੀਵਨ ਲਈ** (ਅਫ਼ਸੀਆਂ 2:4-7)। ਆਮੀਨ। ਆਪਣੇ ਸਰੀਰ ਵਿੱਚ, ਉਹ ਹਾਲੇ ਵੀ ਮੌਤ ਦੇ ਅਧੀਨ ਹੈ, ਪਰ ਆਪਣੇ ਆਤਮਾ ਵਿੱਚ, ਉਹ ਮੌਤ ਤੋਂ ਪਾਰ ਹੋ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ (ਯੂਹੰਨਾ 5:24)। ਉਸਦੇ ਸਰੀਰ ਵਿੱਚ ਉਸਦਾ ਸੰਸਾਰਕ ਸੰਪਰਕ ਉਸਦੀਆਂ ਪੰਜ ਗਿਆਨ ਇੰਦਰੀਆਂ ਦੇ ਨਾਲ ਹੈ; **ਉਸਦੀ ਆਤਮਾ ਵਿੱਚ, ਪਵਿੱਤਰ ਆਤਮਾ ਦੇ ਦੁਆਰਾ ਉਸਦਾ ਸੰਪਰਕ ਪਰਮੇਸ਼ੁਰ ਨਾਲ ਹੈ। ਅਤੇ ਪਰਮੇਸ਼ੁਰ ਦੇ ਦੂਤ ਉਹਨਾਂ ਦੇ ਕੋਲ ਆਉਂਦੇ ਹਨ, ਅਤੇ ਉਹਨਾਂ ਨਾਲ ਗੱਲਾਂ ਕਰਦੇ ਹਨ, ਅਤੇ ਉਹ ਸੰਦੇਸ਼ਵਾਹਕ ਹਨ ਜੋ ਪਰਮੇਸ਼ੁਰ ਵੱਲੋਂ ਭੇਜੇ ਗਏ ਹਨ ਕਿ ਪ੍ਰਗਟ ਕਰਨ, ਪਰਮੇਸ਼ੁਰ ਵੱਲੋਂ ਭੇਜੇ ਗਏ ਸ਼ੰਦੇਸਵਾਹਕ ਹਨ ਕਿ ਵਿਅਕਤੀ ਨੂੰ ਸ਼ੰਦੇਸ ਦੇਣ** (ਇਬਰਾਨੀਆਂ 1:13-14)। ਉਹ ਸੱਭ ਤੋਂ ਪਹਿਲੀ ਚੀਜ ਪਹਿਲਾਂ ਪਾਉਣ ਲਈ ਬਾਹਰ ਹੈ। ਨੀਂਹ ਰੱਖਣ ਤੋਂ ਪਹਿਲਾਂ ਤੁਸੀਂ ਗੁੰਬਦ ਨਹੀਂ ਰੱਖ ਸਕਦੇ। ਇਸ ਲਈ ਸਾਨੂੰ ਇਹ ਯਾਦ ਰੱਖਣਾ ਪੈਣਾ ਹੈ ਕਿ, ਪਹਿਲੀਆਂ ਚੀਜਾਂ ਨੂੰ ਪਹਿਲਾਂ ਰੱਖੋ! " ਤੁਸੀਂ ਪਹਿਲਾਂ ਪਰਮੇਸ਼ੁਰ ਦੇ ਰਾਜ ਅਤੇ ਉਸਦੇ ਧਰਮ ਨੂੰ ਭਾਲੋ, ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ" ( ਮੱਤੀ 6:33)।[3]

ਅਸੀਂ ਜਾਣਦੇ ਹਾਂ ਕਿ ਅਸੀਂ ਗਲਤੀਆਂ ਕਰਦੇ ਹਾਂ, ਪਰ ਤੁਹਾਨੂੰ ਉਹਨਾਂ ਤੇ ਧਿਆਨ ਨਹੀ ਦੇਣਾ ਚਾਹੀਦਾ। **ਇਹ ਤੁਹਾਡੀਆਂ ਗਲਤੀਆਂ ਨਹੀਂ ਹਨ, ਕਿਉਂਕਿ ਤੁਸੀਂ ਹਮੇਸ਼ਾਂ ਇਹ ਗਲਤੀਆਂ ਕਰੋਗੇ** (ਗਲਤੀਆ 6:1)। ਪਰ, ਤੁਸੀਂ ਦੇਖਦੇ ਹੋ, ਇਹ ਉਸਦੇ ਨਿਯਮਾਂ ਦੀ ਪਾਲਣਾ ਕਰ ਰਿਹਾ ਹੈ, ਜੋ ਉਸਨੇ ਕਿਹਾ ਸੀ ਉਸਦੀ ਪਾਲਣਾ ਕਰ ਰਿਹਾ ਹੈ। ਠੋਕਰ ਅਤੇ ਡਿੱਗਣ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। **ਇੱਕ ਅਸਲ ਸੱਚਾ ਸੇਵਕ, ਜੇ ਉਹ ਠੋਕਰ ਖਾਏਗਾ, ਉਹ ਫ਼ਿਰ ਤੋਂ ਉਠ ਜਾਵੇਗਾ** (ਕਹਾਉਤਾਂ 24:16)। ਜੇ ਉਹ ਡਗਮਗਾਉਂਦਾ ਹੈ, **ਤਾਂ ਪਰਮੇਸ਼ੁਰ ਉਸਨੂੰ ਵਾਪਸ ਸਹੀਂ ਰਸਤੇ ਵੱਲ ਖਿੱਚਦਾ ਹੈ, ਜਿੰਨਾ ਚਿਰ ਉਹ ਕੰਮ ਦੇ ਮਾਰਗ ਤੇ ਹੈ**। ਪਰ ਜੇ ਉਹ ਕੰਮ ਦੇ ਮਾਰਗ ਤੋ ਹੱਟ ਜਾਦਾ ਹੈ, ਤਾਂ ਪਰਮੇਸ਼ੁਰ ਉਸਦੇ ਲਈ ਜਿੰਮੇਵਾਰ ਨਹੀਂ ਹੈ। **ਪਰ ਜਿੰਨਾ ਚਿਰ ਉਹ ਕੰਮ ਦੇ ਮਾਰਗ ਤੇ ਹੈ, ਪਰਮੇਸ਼ੁਰ ਇਹ ਜਾਣ ਕੇ ਉਹਦੇ ਲਈ ਜਿੰਮੇਵਾਰ ਹੈ, ਕਿ ਉਹ ਸਿਰਫ਼ ਇੱਕ ਪੁਰਸ਼ ਜਾਂ ਇੱਕ ਔਰਤ ਹੈ**। ਉਹ ਉਸ ਵਿਅਕਤੀ ਦੇ ਲਈ ਜਿੰਮੇਵਾਰ ਹੈ ਜਦ ਤੱਕ ਉਹ **ਕੰਮ ਦੇ ਮਾਰਗ ਤੇ** ਹੈ। [4]

ਅਤੇ ਉਨ੍ਹਾਂ ਨੇ ਮੈਨੂੰ ਇਹ ਕਹਿੰਦੇ ਸੁਣਿਆ ਹੈ ਕਿ ਪਵਿੱਤਰ ਆਤਮਾ ਦਾ ਸਬੂਤ ਪਰਾਈਆਂ ਭਾਸ਼ਾਵਾਂ ਬੋਲਣਾ ਨਹੀਂ ਹੈ-ਅਤੇ ਅਜਿਹਾ ਨਹੀਂ ਹੈ-ਪਰ ਮੈਂ ਉਸ ਵਿਅਕਤੀ ਨੂੰ ਸਲਾਹ ਦਿੱਤੀ ਕਿ ਪਰਮੇਸ਼ੁਰ ਤੋਂ ਮੰਗ ਕਰੇ ਕਿ ਉਹ ਪਰਾਈਆਂ ਭਾਖਿਆਂ ਬੋਲਣ ਜਾਂ ਅਗੰਮ ਵਾਕ ਕਰਨ, **ਕਿਉਂਕਿ ਇਹ ਕੁਦਰਤ ਹੈ**।

ਪਹਿਲੀ ਗੱਲ, ਮੈਂ ਉਸ ਵਿਅਕਤੀ ਕੋਲ ਗਿਆ ਅਤੇ ਉਹਨਾਂ ਦਾ ਜਨਮ ਸਥਾਨ ਲੱਭਿਆ, ਅਤੇ ਉਹ ਕਿਸ ਚਿੰਨ੍ਹ ਹੇਠ ਪੈਦਾ ਹੋਏ ਸਨ, ਅਤੇ ਇਹ ਦੱਸ ਸਕਦਾ ਹੈ ਕਿ ਉਹਨਾਂ ਦਾ ਜਨਮ ਕੀ ਸੀ। ਇਹ ਉਹਨਾਂ ਦੇ ਕੁਦਰਤੀ ਸੁਭਾਅ ਵਿੱਚ ਕਿਸ ਤਰ੍ਹਾਂ ਨਾਲ ਨਿਰਧਾਰਤ ਹੁੰਦਾ ਹੈ ਇਹ ਉਹਨਾਂ ਨੂੰ ਇੱਕ ਖਾਸ ਲਾਈਨ ਵਿੱਚ ਸੈੱਟ ਕਰਦਾ ਹੈ। ਫਿਰ, ਜਦ ਉਹ ਫਿਰ ਨਵੇਂ ਸਿਰੇ ਤੋਂ

ਜਨਮ ਲੈਂਦੇ ਹਨ, ਤਾਂ ਉਹ ਇੱਥੇ ਇੱਕ ਹੋਰ ਸੁਭਾਅ ਵਿੱਚ ਹਨ (ਯੂਹੰਨਾ 3:3–8 )। ਅਤੇ ਫਿਰ, ਜਦੋਂ ਤੁਸੀ ਇਸ ਸੁਭਾਅ ਵਿੱਚ ਲੱਭਦੇ ਹੋ, ਇਹ ਅੰਦਰ, ਜ਼ਮੀਰ ਵਿੱਚ, ਜ਼ਮੀਰ ਅੰਦਰ... ਬਾਹਰ ਦਾ ਜ਼ਮੀਰ ਤੁਹਾਨੂੰ ਇੱਕ ਰਸਤੇ ਤੇ ਲੈ ਜਾਂਦਾ ਹੈ; ਇਹ ਤੁਹਾਡਾ ਸੁਭਾਵਿਕ ਜਨਮ ਹੈ। ਤਦ ਉਹ ਕੁਝ ਬਣਾ ਲੈਣਗੇ ਅਤੇ ਇਹ ਉਹਨਾਂ ਨੂੰ ਇੱਕ ਵੰਡ ਅਥਵਾ ਵਿਭਾਜਨ ਵਾਲੀ ਸਥਿਤੀ ਵਿੱਚ ਰੱਖਦਾ ਹੈ। ਉਹ ਨਹੀਂ ਜਾਣਦੇ ਕਿ ਕੀ ਕਰਨਾ ਹੈ। ਉਹ ਕਹਿਣਗੇ,"ਪਰਮੇਸ਼ੁਰ ਚਾਹੁੰਦਾ ਹੈ ਮੈਂ ਇਸ ਤ੍ਰਰਾਂ ਕਰਾਂ।"

ਅੰਦਰਲਾ,"ਔਹ, ਮੈਂ ਸਿਰਫ਼ ਇਹ ਜਾਣਦਾ ਹਾਂ ਕਿ ਇਹ ਲਿਖਤਾਂ ਦੇ ਅਨੁਸਾਰ ਹੈ।" ਅਤੇ ਉਹ ਸੱਭ ਇਸਨੂੰ ਕਰਨਾ ਸ਼ੁਰੂ ਕਰ ਦੇਣਗੇ, ਅਤੇ ਪਹਿਲੀ ਗੱਲ ਜੋ ਤੁਸੀਂ ਜਾਣਦੇ ਹੋ, ਇਸ ਬਾਹਰਲੇ ਪਾਸੇ ਸ਼ੈਤਾਨ ਉਨ੍ਹਾਂ ਨੂੰ ਇਸ ਵਿੱਚ ਹਰ ਕਿਸਮ ਦੇ ਨੁਕਸ ਦਿਖਾਏਗਾ। ਤੇ ਫਿਰ ਉਹ ਕਹਿੰਦੇ ਹਨ," ਠੀਕ ਹੈ, ਮੈਨੂੰ ਲੱਗਦਾ ਹੈ ਕਿ ਮੈਂ..." ਉਹ ਸ਼ੈਤਾਨ ਦੀ ਗੱਲ ਸੁਣਦੇ ਹਨ। ਤੁਸੀਂ ਇਸ ਅੰਦਰ ਕੁਝ ਲੈਣਾ ਪੈਣਾ ਹੈ, ਉਹ ਜੋ ਤੁਹਾਡੇ ਅੰਦਰ ਹੈ ਉਹੀ ਲਿਖਤਾਂ ਮੁਤਾਬਿਕ ਹੈ। ਅਤੇ ਕਿਤੇ ਵੀ ਸ਼ੈਤਾਨ ਨੂੰ ਖੜ੍ਹਾ ਨਾ ਹੋਣ ਦਿਉ। ਇਹ ਉਹਦਾ ਕੰਮ ਹੈ ਕਿ ਉਹ ਉੱਥੇ ਖੜ੍ਹੇ ਹੋਕੇ ਤੇ ਤੁਹਾਨੂੰ ਉਸੇ ਤਰ੍ਹਾਂ ਨਾਲ ਚਲਾਏ। ਪਰ ਤੁਸੀਂ ਉਸਦੀ ਗੱਲ ਨੂੰ ਨਹੀਂ ਸੁਣਨੀ।

ਅਤੇ ਇਹ ਵਿਅਕਤੀ ਜੋ ਤੁਹਾਡੇ ਵਿੱਚ ਹੈ, ਜੋ ਤੁਹਾਡਾ ਜਨਮ ਹੈ...ਤੁਸੀਂ ਜੋਨ ਡੋ ਹੋ; ਤੁਸੀਂ ਇਕ ਨਿਸ਼ਚਿਤ ਮਹੀਨੇ ਵਿੱਚ ਪੈਦਾ ਹੋਏ ਸੀ, ਅਤੇ ਤੁਸੀਂ ਇੱਕ ਨਿਸ਼ਚਿਤ ਤਾਰੇ ਹੇਠ ਪੈਦਾ ਹੋਏ ਸੀ; ਤੁਸੀਂ ਇੱਕ ਨਿਸ਼ਚਿਤ ਚੀਜ਼ ਦੇ ਅਧੀਨ ਪੈਦੇ ਹੋਏ ਸੀ, ਅਤੇ ਤੁਹਾਡੇ ਨਾਲ ਕਰਨ ਲਈ ਕੁਝ ਹੈ। ਜਰੂਰ ਕਰਦਾ ਹੈ।

ਹੁਣ, ਉਹ ਤੁਹਾਡਾ ਜਨਮ ਮਾਰਗ ਹੈ; ਇਹੀ ਉਹ ਹੈ ਜੋ ਤੁਸੀਂ ਹੋ, ਸੁਭਾਵਿਕ ਪੁਰਸ਼ ਜਾਂ ਸੁਭਵਿਕ ਔਰਤ ਹੋ। ਪਰ ਜਦ ਤੁਸੀਂ ਦੁਬਾਰਾ ਜਨਮ ਲੈ ਲੈਂਦੇ ਹੋ, ਤਾਂ ਇਹ ਬਾਹਰੀ ਜ਼ਮੀਰ ਨਹੀਂ ਹੈ। ਬਾਹਰ ਉਹ ਹੈ ਜੋ ਤੁਸੀਂ ਵੇਖਦੇ, ਚੱਖਦੇ, ਮਹਿਸੂਸ ਕਰਦੇ, ਸੁੰਘਦੇ, ਤੇ ਸੁਣਦੇ ਹੋ, ਪਰ ਉਸ ਦੇ ਅੰਦਰ ਉਹ ਹੈ ਜੋ ਤੁਸੀਂ ਅਸਲ ਵਿੱਚ ਹੋ। ਹੁਣ, ਇਹ ਇੱਥੇ ਬਾਹਰ, ਸ਼ੈਤਾਨ ਸਿਰਫ਼ ਤੁਹਾਨੂੰ ਪੇਰਸ਼ਾਨ ਕਰਦਾ ਹੈ ਅਤੇ ਤੁਹਾਡੇ ਕੋਲ ਹਰ ਤਰ੍ਹਾਂ ਦੇ ਤਰੀਕੇ ਨਾਲ ਦਸਤਕ ਦਿੰਦਾ ਹੈ; ਪਰ ਇੱਥੇ ਹੇਠਾਂ ਉਹ ਇਸ ਤਰ੍ਹਾਂ ਨਹੀਂ ਕਰ ਸਕਦਾ ਜਦ ਤੱਕ ਕਿ ਤੁਸੀਂ ਉਸਨੂੰ ਕਰਨ ਨਾ ਦਿਉ। ਇੱਥੇ ਤੁਹਾਨੂੰ ਵਿਸ਼ਵਾਸ ਮਿਲਿਆ ਹੈ (2 ਕੁਰਿੰਥੀਆਂ 4:13–15), ਅਤੇ ਵਿਸ਼ਵਾਸ ਬਾਹਰੀ ਜ਼ਮੀਰ ਤੋਂ ਨਹੀਂ ਆਉਂਦਾ ਹੈ, ਇਹ ਤਰਕ ਕਰਦਾ ਹੈ। ਪਰ ਵਿਸ਼ਵਾਸ ਵਿੱਚ ਕੋਈ ਤਰਕ ਨਹੀਂ ਹੈ। ਤੁਸੀਂ ਇਸਨੂੰ ਪਰਮੇਸ਼ੁਰ ਤੋਂ ਪ੍ਰਾਪਤ ਕੀਤਾ ਹੈ, ਅਤੇ ਤੁਸੀਂ ਜਾਣਦੇ ਹੋ ਕਿ ਇਹ ਉੱਥੇ ਹੈ। ਮੈਨੂੰ ਪ੍ਰਵਾਹ ਨਹੀਂ ਹੈ ਕਿ ਇਹ ਕਿੰਨਾ ਗਲਤ ਲੱਗਦਾ ਹੈ, ਤੁਸੀ ਹਾਲੇ ਵੀ ਜਾਣਦੇ ਹੋ ਇਹ ਸਹੀ ਹੈ; ਇਹ ਯਹੋਵਾਹ ਇਉਂ ਫਰਮਾਉਂਦਾ ਹੈ ਹੁੰਦਾ ਹੈ। ਅਤੇ ਉੱਥੇ ਕੁਝ ਵੀ ਨਹੀਂ ਹੈ ਜੋ ਇਸਨੂੰ ਪ੍ਰੇਸ਼ਾਨ ਕਰਨ ਜਾ ਰਿਹਾ ਹੈ। ਇਸਨੂੰ ਕੁਝ ਵੀ ਪ੍ਰੇਸ਼ਾਨ ਨਹੀਂ ਕਰ ਸਕਦਾ ਹੈ; ਇਹ ਸਿੱਧਾ ਚੱਲ ਰਿਹਾ ਹੈ। ਮੁਸ਼ਕਿਲ ਦਾ ਮਤਲਬ ਇਸਦੇ ਲਈ ਕੁਝ ਵੀ ਨਹੀਂ ਹੈ; ਇਸਦੇ ਰਾਹੀਂ ਠੀਕ ਹੈ, ਕਿਉਂਕਿ ਇਹ ਬਚਨ ਹੈ। ਅਤੇ ਬਚਨ ਤਲਵਾਰ ਹੈ, ਤੇ ਬਚਨ ਕੱਟਦਾ ਹੈ (ਇਬਰਾਨੀਆਂ 4:12–13)। ਤਲਵਾਰ ਆਪਣੇ ਆਪ ਨੂੰ ਹਰ ਇੱਕ ਚੀਜ਼ ਤੋ ਅਲੱਗ ਕਰ ਲੈਂਦੀ ਹੈ। ਤੁਸੀ ਸਮਝੇ? ਉਸ ਬਚਨ ਨੂੰ ਫੜ੍ਹਨ ਲਈ ਵਿਸ਼ਵਾਸ ਦਾ ਹੱਥ ਲਵੋ। ਇਹ ਵਿਸ਼ਵਾਸ ਹੋਣਾ ਚਾਹੀਦਾ ਹੈ...[5]

ਇਹ ਇੱਕ ਮਰਦੇ ਹੋਏ ਸਰੀਰ ਵਿੱਚ ਮਰ ਰਹੀ ਆਤਮਾ ਹੈ; ਪਰ ਹੁਣ, ਤੁਸੀਂ ਇੱਕੋ ਸਮੇਂ ਵਿੱਚ ਦੋ ਸਰੀਰਾਂ ਵਿੱਚ ਨਹੀਂ ਹੋ ਸਕਦੇ ਹੋ, ਪਰ ਇੱਕੋਂ ਸਮੇਂ ਵਿੱਚ ਤੁਹਾਡੇ ਦੋ ਸੁਭਾਅ ਹੋ ਸਕਦੇ ਹਨ। ਜਦ ਤੁਹਾਡਾ ਨਵਾਂ ਜਨਮ ਹੁੰਦਾ ਹੈ, ਤਾਂ ਤੁਸੀ ਸਰੀਰਕ ਰੂਪ ਵਿੱਚ ਪੈਦਾ ਨਹੀਂ ਹੁੰਦੇ ਹੋ, ਜਿਵੇਂ ਬੱਚਾ ਪੈਦਾ ਹੁੰਦਾ ਹੈ; ਪਰ ਕੀ ਹੋਇਆ ਸੀ, ਆਤਮਿਕ ਜਨਮ ਤੁਹਾਡੇ ਕੋਲ ਆਇਆ ਹੈ ( ਤੀਤੁਸ 3:4–7)। ਅਤੇ ਜਦ ਕਿ ਇਹ ਆਤਮਿਕ ਜਨਮ ਤੁਹਾਡੇ ਹਿਰਦੇ ਵਿੱਚ ਵੱਧ ਰਿਹਾ ਹੁੰਦਾ ਹੈ, ਪਰਮੇਸ਼ੁਰ ਦਾ, ਤਾਂ ਉੱਥੇ ਸਰੀਰਕ ਜਾਂ ਇੱਕ ਸੁਰਗੀ ਸਰੀਰ ਵੱਧ ਰਿਹਾ ਹੈ, ਉਸ ਆਤਮਾ ਨੂੰ ਪ੍ਰਾਪਤ ਕਰਨ ਲਈ। ਅਤੇ ਜਦ ਜੀਵਨ ਇਸ ਸਰੀਰ ਨੂੰ ਛੱਡ ਜਾਂਦਾ ਹੈ, **ਤਾਂ ਇਹ ਉਸ ਸਰੀਰ ਵਿੱਚ ਚਲਾ ਜਾਂਦਾ ਹੈ**। ਜਿਸ ਤਰ੍ਹਾਂ ਜਦ ਸਰੀਰ ਨੂੰ ਧਰਤੀ ਤੇ ਪੇਸ਼ ਕੀਤਾ ਜਾਂਦਾ ਹੈ, ਤਾਂ ਆਤਮਾ ਅੰਦਰ ਆਉਂਦਾ ਹੈ, ਅਤੇ ਜਦ ਆਤਮਾ ਸਰੀਰ ਤੋਂ ਬਾਹਰ ਜਾਂਦਾ ਹੈ, **ਤਾਂ ਉੱਥੇ ਇੱਕ ਸਰੀਰ ਇੰਤਜਾਰ ਕਰ ਰਿਹਾ ਹੈ**।"ਕਿਉਂਕਿ ਅਸੀਂ ਜਾਣਦੇ ਹਾਂ ਭਈ ਜੇ ਸਾਡਾ ਤੰਬੂ ਜਿਹਾ ਘਰ ਜਿਹੜਾ ਧਰਤੀ ਤੇ ਹੈ ਢਹਿ ਪਵੇ ਤਾਂ ਇੱਕ ਹੋਰ ਹੈ ਜੋ ਸਾਡੀ ਉਡੀਕ ਕਰ ਰਿਹਾ ਹੈ।"(2 ਕੁਰਿੰਥੀਆਂ 5:1–3)। ਇਹੀ ਹੈ, ਲੋਕਾਂ ਦਾ ਆਤਮਿਕ ਸਰੀਰ।[1]

ਇੱਥੇ ਇਸ ਕਿਤਾਬ ਦੀ ਤਰ੍ਹਾਂ, ਅਤੇ ਜਿਸਦੇ ਬਾਰੇ ਵਿੱਚ ਅਸੀਂ ਗੱਲਾਂ ਕਰ ਰਹੇ ਸੀ ਕਿ **ਇਸ ਵਿੱਚ ਦੋ ਪੁਸਤਕਾਂ ਹਨ ਪਰ ਇਹ ਇੱਕ ਪੁਸਤਕ ਹੈ,** ਜੀਵਨ ਦੀ ਕਿਤਾਬ। **ਜੀਵਨ ਦੀ ਪਹਿਲੀ ਪੁਸਤਕ ਉਹ ਹੈ, ਜਦ ਤੁਸੀਂ ਪੈਦਾ ਹੋਏ ਸੀ, ਉਹ ਤੁਹਾਡਾ ਸੁਭਾਵਿਕ ਜਨਮ ਸੀ।** ਪਰ ਫਿਰ ਇੱਕ ਸਮੇਂ, ਉੱਥੇ ਬਹੁਤ ਪਿੱਛੇ, **ਉੱਥੇ ਜੀਵਨ ਦਾ ਇੱਕ ਛੋਟਾ ਬੀਜ ਸੀ।** ਦੇਖੋ, ਉੱਥੇ ਜੀਵਨ ਦਾ ਇੱਕ ਛੋਟਾ ਜਿਹਾ ਬੀਜ ਪਿਆ ਹੋਇਆ ਸੀ ਜਿਸ ਤੋਂ ਤੁਹਾਨੂੰ ਹੈਰਾਨੀ ਹੋਵੇਗੀ," ਇਹ ਕਿੱਥੋਂ ਆਇਆ ਹੈ? ਇਹ ਅਜੀਬ ਗੱਲਾਂ ਕੀ ਹਨ?

ਮੈਂ ਇਹ ਕਹਿ ਰਿਹਾ ਸੀ, ਆਪਣੇ ਬਾਰੇ ਗੱਲ ਕਰ ਰਿਹਾ ਸੀ, ਜਿਵੇਂ ਕਿ ਤੁਸੀਂ ਕਹਿ ਸੱਕਦੇ ਹੋ," ਵਿਲੀਅਮ ਬ੍ਰਾਨਹਾਮ, ਠੀਕ ਹੈ, ਚਾਲ੍ਹੀ ਸਾਲ ਪਹਿਲਾਂ ਵਾਲਾ, ਉਹ ਅਤੇ ਇਹ ਵਿਲੀਅਮ ਬ੍ਰਾਨਹਾਮ, ਅੱਜ ਰਾਤ ਉਹੀ ਹੈ।" ਅਤੇ ਉੱਥੇ ਪਿੱਛੇ ਕੋਈ ਕਹੇਗਾ," ਔਹ, ਉਹ ਇੱਕ ਨਾਮੀ ਬਦਮਾਸ਼ ਸੀ।" ਸਮਝੇ? ਕਿਉਂਕਿ ਮੈਂ ਚਾਰਲਸ ਅਤੇ ਇਲਾ ਬ੍ਰਾਨਹਾਮ ਤੋਂ ਜੰਮਿਆ ਸੀ। **ਉਹਨਾਂ ਦੇ ਸੁਭਾਅ ਵਿੱਚ ਮੈਂ ਇੱਕ ਪਾਪੀ ਸੀ, ਮੈਂ ਦੁਨੀਆਂ ਵਿੱਚ ਇੱਕ ਝੂਠਾ, ਆਇਆ, ਅਤੇ ਸਾਰੀਆਂ ਦੁਨੀਆਵੀ ਆਦਤਾਂ ਨੇ ਮੇਰੇ ਉੱਤੇ ਅਧਿਕਾਰ ਜਮਾਇਆ ਹੋਇਆ ਸੀ। ਪਰ ਉੱਥੇ ਹੇਠਾਂ, ਇੱਕ ਹੋਰ ਸੁਭਾਅ ਮੌਜੂਦ ਸੀ, ਸਮਝੇ, ਅਗੇਤਰਾ ਠਹਿਰਾਇਆ ਜਾਣਾ, ਪਰਮੇਸ਼ੁਰ ਦੇ ਦੁਆਰਾ ਉੱਥੇ ਸੀ। ਇਸ ਇੱਕ ਹੀ ਸਰੀਰ ਵਿੱਚ, ਦੇਖੋ, ਉੱਥੇ ਦੋ ਸੁਭਾਅ ਹਨ।**

ਖੈਰ, ਮੈਂ ਕੇਵਲ ਇੱਕ ਨੂੰ ਹੀ ਖੁਆਇਆ। ਜਿਵੇਂ ਇਹ ਵਧਿਆ, ਮੈਂ ਇਕ ਬੱਚੇ ਵਾਂਗ ਬੋਲਣ ਲੱਗਾ, ਦਾ-ਦਾ।" ਪਹਿਲੀ ਗੱਲ ਜੋ ਤੁਸੀਂ ਜਾਣਦੇ ਹੋ, ਮੈਂ ਇਕ ਝੂਠਾ ਵਿਅਕਤੀ ਬਣ ਗਿਆ, ਉਹ ਸੱਭ ਕੁਝ ਬਣਿਆ ਜੋ ਕਿ ਇੱਕ ਪਾਪੀ ਹੁੰਦਾ ਹੈ, ਕਿਉਂਕਿ ਮੈਂ ਉਸੇ ਤਰੀਕੇ ਨਾਲ ਪਲਿਆ ਵਧਿਆ ਹਾਂ। **ਪਰ ਉੱਥੇ ਹੇਠਾਂ ਹਰ ਸਮੇਂ ਜੀਵਨ ਦਾ ਇੱਕ ਛੋਟਾ ਕਣ ਸੀ।**

ਮੈਨੂੰ ਯਾਦ ਹੈ, ਇੱਕ ਛੋਟੇ ਜਿਹੇ ਮੁੰਡੇ ਦੇ ਰੂਪ ਵਿੱਚ ਮੈਂ ਨਹਿਰ ਕਿਨਾਰੇ ਬੈਠਾ ਰਹਿੰਦਾ ਸੀ, ਅਤੇ ਮੈਂ ਉੱਥੇ ਬੈਠਦਾ ਸੀ ਤੇ ਰਾਤ ਦੇ ਸਮੇਂ ਆਸਪਾਸ ਦੇਖਦਾ ਸੀ। ਡੈਡੀ ਅਤੇ ਮੰਮੀ, ਉਹ ਹੁਣ ਆਪਣੇ ਅਰਾਮ ਵਿੱਚ ਚਲੇ ਗਏ ਹਨ। ਉਹਨਾਂ ਦਿਨਾਂ ਵਿੱਚ ਉਹ ਪਾਪੀ ਸਨ, ਸਾਡੇ ਘਰਾਂ ਵਿੱਚ ਕੋਈ ਈਸਾਈ ਧਰਮ ਬਿਲਕੁਲ ਨਹੀਂ ਸੀ। ਅਤੇ, ਹੇ, ਮੇਰੇ ਪ੍ਰਭੂ, ਉੱਥੇ ਸ਼ਰਾਬ ਪੀਣਾ, ਤੇ ਪਾਰਟੀਆਂ, ਤੇ ਇਸ ਤਰ੍ਹਾਂ ਦਾ ਚੱਲਦਾ ਹੀ ਰਹਿੰਦਾ ਸੀ; ਇਸਨੇ ਮੈਨੂੰ ਬਿਮਾਰ ਕਰ ਦਿੱਤਾ, ਮੈਂ ਆਪਣੀ ਲਾਲਟੇਨ ਅਤੇ ਆਪਣਾ ਕੁੱਤਾ ਲੈਕੇ ਪੂਰੀ ਰਾਤ ਬਾਹਰ ਰਹਿਣ ਲਈ ਜੰਗਲ ਵਿੱਚ ਚਲਾ ਜਾਂਦਾ ਸੀ। ਸਰਦੀਆਂ ਦੇ ਸਮੇਂ ਵਿੱਚ ਮੈਂ ਉਸ ਸਮੇਂ ਤੱਕ ਸ਼ਿਕਾਰ ਕਰਦਾ ਰਹਿੰਦਾ ਜਿੰਨਾ ਚਿਰ ਪਾਰਟੀ ਖਤਮ ਨਹੀਂ ਹੁੰਦੀ ਸੀ, ਸ਼ਾਇਦ ਸਵੇਰ ਦੀ ਰੋਸ਼ਨੀ ਤੱਕ। ਘਰ ਆਉਂਦਾ, ਖਤਮ ਨਹੀਂ ਹੁੰਦਾ, ਤਾਂ ਮੈਂ ਇੱਕ ਸ਼ੈਡ ਦੇ ਸਿਖਰ ਤੇ ਲੇਟ ਜਾਂਦਾ ਅਤੇ ਸੌਂ ਜਾਂਦਾ, ਦਿਨ ਦੇ ਚੜ੍ਹਨ ਦੀ ਉਡੀਕ ਕਰਦਾ।

ਫਿਰ ਮੈਂ ਸੋਚਦਾ ਹਾਂ ਕਿ ਉਹ ਸਮਾਂ ਕਿਸ ਤਰ੍ਹਾਂ ਦਾ ਸੀ, ਫਿਰ ਗਰਮੀਆਂ ਦੇ ਦਿਨਾਂ ਵਿੱਚ ਉੱਥੇ ਬਾਹਰ, ਲੱਕੜੀਆਂ ਇਕੱਠੀਆਂ ਕਰਕੇ ਹਵਾ ਤੋਂ ਬਚਾਅ ਦੇ ਲਈ ਉਹਨਾਂ ਨੂੰ ਖੜੀਆਂ ਕਰ ਦਿੰਦਾ ਸੀ, ਜਦ ਮੀਂਹ ਪੈ ਜਾਂਦਾ ਸੀ ਤਾਂ ਉਹਨਾਂ ਉੱਤੇ ਹੀ ਲੇਟਿਆ ਰਹਿੰਦਾ ਹੁੰਦਾ ਸੀ, ਪਾਣੀ ਵਿੱਚ ਲੱਕੜੀਆਂ ਨੂੰ ਖੜੀਆਂ ਕਰਕੇ ਮੱਛੀਆਂ ਦਾ ਸ਼ਿਕਾਰ ਖੇਡਿਆ ਕਰਦਾ ਸੀ। ਮੇਰਾ ਪੁਰਾਣਾ ਕੂਨ ਕੁੱਤਾ ਉੱਥੇ ਲੇਟਿਆ ਹੁੰਦਾ ਸੀ। ਮੈਂ ਕਹਿੰਦਾ,"ਇੱਥੇ ਦੇਖ। ਤੈਨੂੰ ਯਾਦ ਹੈ, ਪਿਛਲੀਆਂ ਸਰਦੀਆਂ ਵਿੱਚ ਮੈਂ ਇਕ ਰਾਤ ਇੱਥੇ ਹੀ ਡੇਰਾ ਲਾਇਆ ਸੀ, ਠੀਕ ਇੱਥੇ ਹੀ ਮੈਂ ਅੱਗ ਜਲਾਈ ਸੀ ਜਦ ਮੈਂ ਆਪਣੇ ਪੁਰਾਣੇ ਕੁੱਤੇ ਲਈ ਇੱਥੇ ਦਰਖੱਤ ਕੋਲ ਇੰਤਜ਼ਾਰ ਕਰ ਰਿਹਾ ਸੀ, ਅਤੇ ਮੈਂ ਇੱਥੇ ਅੱਗ ਜਲਾਈ ਸੀ। ਬਰਫ ਜਮੀਨ ਉੱਤੇ ਪੰਜ-ਪੰਜ ਇੰਚ ਗਹਿਰੀ ਜੰਮੀ ਸੀ। ਪਰ, **ਛੋਟੇ ਫੁੱਲ, ਤੂੰ ਕਿੱਥੋਂ ਆਇਆ ਹੈਂ**? ਤੂੰ ਕਿੱਥੋਂ ਆਇਆ ਹੈਂ? ਇੱਥੇ ਕੌਣ ਆਇਆ ਤੇ ਤੈਨੂੰ ਬੀਜਿਆ ਹੈ? ਅਤੇ ਤੈਨੂੰ ਕਿਹੜੇ ਬਗੀਚੇ ਵਿੱਚੋਂ ਉਹ ਬਾਹਰ ਲੈਕੇ ਆਏ? ਤੇ ਇਸਦੇ ਬਾਰੇ ਕੀ, ਤੂੰ ਕਿੱਥੋਂ ਆ ਗਿਆ ਹੈਂ ?" ਸਮਝੇ? ਉਸ ਛੋਟੇ ਜਿਹੇ ਫੁੱਲ ਨੂੰ ਮੈਂ ਕਹਿੰਦਾ ਕਿ,"ਕਿਵੇਂ, ਇੱਥੇ ਸਾਰੇ ਪਾਸੇ ਸਾਰਾ ਕੁਝ ਜੰਮ ਗਿਆ ਸੀ, ਅਤੇ ਮੈਂ ਇੱਥੇ ਉੱਪਰ ਅੱਗ ਜਲਾਈ ਹੋਈ ਸੀ। ਜਮਾ ਦੇਣ ਵਾਲੇ ਤਾਪਮਾਨ ਤੋਂ ਇਲਾਵਾ, ਮੈਂ ਇੱਥੇ ਉਸ ਪੁਰਾਣੇ ਮੋਛੇ ਨੂੰ ਅੱਗ ਲਗਾਈ ਹੋਈ ਸੀ, ਅਤੇ ਅੱਗ ਦੇ ਕੋਲੇ ਉੱਥੇ ਪਏ ਹੋਏ ਸਨ। ਅਤੇ ਇਸਦੇ ਬਾਵਜੂਦ ਵੀ ਤੂੰ ਇੱਥੇ ਹੈਂ, ਤੂੰ ਜੀਉਂਦਾ ਹੈਂ। ਤੂੰ ਕਿੱਥੋਂ ਆ ਗਿਆ ਹੈਂ?"

ਇਹ ਕੀ ਸੀ? ਉੱਥੇ ਇੱਕ ਹੋਰ ਵਿਲੀਅਮ ਬ੍ਰਾਨਹਾਮ ਸੀ। ਸਮਝੇ? **ਉੱਥੇ ਅਨੰਤ ਜੀਵਨ ਦਾ ਇਕ ਛੋਟਾ ਜਿਹਾ ਸਥਾਨ , ਪਰਮੇਸ਼ੁਰ ਦੇ ਜੀਨ ਤੋਂ, ਪਰਮੇਸ਼ੁਰ ਦੇ ਬਚਨ ਤੋਂ ਜੋ ਉੱਥੇ ਰੱਖਿਆ ਗਿਆ ਸੀ।** ਤੁਹਾਡੇ ਵਿੱਚੋਂ ਹਰ ਕੋਈ ਇਸੇ ਤਰ੍ਹਾਂ ਹੀ ਸੋਚ ਸੱਕਦਾ ਹੈ। ਦੇਖੋ, ਇਹ ਕੰਮ ਕਰ ਰਿਹਾ ਸੀ।

ਫਿਰ ਮੈਂ ਦਰਖਤਾਂ ਵੱਲ ਦੇਖਦਾ ਤੇ ਮੈਂ ਸੋਚਦਾ," ਪੱਤੇ, ਮੈਂ ਤੈਨੂੰ ਪਿਛਲੇ ਸਾਲ ਝੜ ਕੇ ਹੇਠਾਂ ਡਿੱਗਦੇ ਨੂੰ ਵੇਖਿਆ ਸੀ, ਅਤੇ ਤੂੰ ਫਿਰ ਦੁਬਾਰਾ ਉੱਥੇ ਕਿਵੇਂ ਵਾਪਸ ਆ ਗਿਆ ਹੈਂ? ਤੂੰ ਕਿੱਥੋਂ ਇੱਥੇ ਆਇਆ ਹੈਂ? ਤੈਨੂੰ ਇੱਥੇ ਕੌਣ ਲੈ ਕੇ ਆਇਆ ਹੈ?" ਦੇਖੋ, **ਇਹ ਉਹ ਅਨੰਤ ਜੀਵਨ ਸੀ ਜੋ ਸਰੀਰ ਵਿੱਚ ਕੰਮ ਕਰ ਰਿਹਾ ਸੀ।**

ਤਦ, ਫਿਰ ਇੱਕ ਦਿਨ ਜਦ ਮੈਂ ਤੁਰਿਆ ਜਾ ਰਿਹਾ ਸੀ, ਉਸ ਆਵਾਜ਼ ਨੇ ਗੱਲ ਕੀਤੀ," ਕਦੇ ਵੀ ਸਿਗਰਟ ਨਾ ਪੀਣਾ, ਸ਼ਰਾਬ ਆਦਿ ਨਾ ਪੀਣਾ।" ਅਤੇ ਨਾਲ ਦੇ ਜਵਾਨ ਸਾਥੀ ਅਤੇ ਸੱਭ ਬੁੱਢੇ ਹੋ ਗਏ। ਦੇਖੋ, ਉੱਥੇ ਕੁਝ ਹੋ ਰਿਹਾ ਸੀ।

ਪਰ ਫਿਰ ਅਚਾਨਕ ਇੱਕ ਦਿਨ ਮੈਂ ਉੱਪਰ ਵੱਲ ਦੇਖਿਆ,ਅਤੇ ਮੈਂ ਕਿਹਾ," ਮੈਂ ਚਾਰਲਸ ਅਤੇ ਇਲਾ ਬ੍ਰਾਨਹਾਮ ਦਾ ਪੁੱਤਰ ਨਹੀਂ ਹਾਂ। ਉੱਥੇ ਕੋਈ ਸੀ ਜੋ ਬੁਲ ਰਿਹਾ ਸੀ।" ਮੇਰੀ ਛੋਟੇ ਉਕਾਬ ਦੀ ਕਹਾਣੀ ਦੇ ਵਾਂਗ," ਮੈਂ ਚੂਚਾ ਨਹੀਂ ਹਾਂ। ਕਿਤੇ ਨਾ ਕਿਤੇ ਉੱਪਰ ਉੱਥੇ ਕੋਈ ਹੈ। **ਹੇ ਮਹਾਨ ਯਹੋਵਾਹ, ਤੂੰ ਜੋ ਵੀ ਹੈਂ, ਪ੍ਰਗਟ ਕਰ! ਮੈਂ ਘਰ ਆਉਣਾ ਚਾਹੁੰਦਾ ਹਾਂ। ਮੇਰੇ ਅੰਦਰ ਕੁਝ ਸੀ, ਜੋ ਬੁਲਾ ਰਿਹਾ ਸੀ।**"

**ਫਿਰ ਮੇਰਾ ਨਵਾਂ ਜਨਮ ਹੋਇਆ। ਇਹ ਛੋਟਾ ਜਿਹਾ ਜੀਵਨ ਉੱਥੇ ਪਿਆ ਹੋਇਆ ਸੀ, ਜੀਵਨ ਦਾ ਪਾਣੀ ਇਸ ਉੱਤੇ ਪਾਇਆ ਗਿਆ, ਤਦ ਇਹ ਵੱਧਣਾ ਸ਼ੁਰੂ ਹੋ ਗਿਆ। ਹੁਣ, ਉਸ ਪੁਰਾਣੇ ਜੀਵਨ ਨੂੰ ਮਾਫ਼ ਕਰ ਦਿੱਤਾ ਗਿਆ ਹੈ, ਪਰਮੇਸ਼ੁਰ ਦੇ ਭੁੱਲਾਂ ਦੇ ਸੰਮੁਦਰ ਵਿੱਚ ਸੁੱਟ ਦਿੱਤਾ ਗਿਆ, ਕਦੇ ਵੀ ਮੇਰੇ ਖਿਲਾਫ਼ ਯਾਦ ਨਹੀਂ ਕੀਤਾ ਜਾਵੇਗਾ। ਦੇਖੋ? ਹੁਣ ਅਸੀਂ ਧਰਮੀ ਠਹਿਰਾਏ ਗਏ ਹਾਂ, ਕਿਉਂਕਿ ਅਸੀ ਕਦੇ ਵੀ ਪਰਮੇਸ਼ੁਰ ਦੀ ਹਜ਼ੂਰੀ** (ਰੋਮੀਆ 5:1-2) **ਵਿੱਚ ਪਾਪ ਨਹੀਂ ਕੀਤਾ ਸੀ**(ਮੀਕਾਹ 7:19)।[6]


ਹਵਾਲੇ

[1] ਸਵਾਲ ਅਤੇ ਜਵਾਬ (64-0830E) ਪੈਰ੍ਹਾ 26-37 ਅਤੇ 58, ਪ੍ਰਸ਼ਨ ਨੰ. 376 ਅਤੇ 381

[2] ਸਵਾਲ ਅਤੇ ਜਵਾਬ (59-1223) ਪੈਰ੍ਹਾ 92-107, ਪ੍ਰਸ਼ਨ ਨੰ. 102

[3] ਪ੍ਰਕਾਸ਼ ਪੋਥੀ ਚਿੰਨ੍ਹਾਂ ਦੀ ਕਿਤਾਬ ( 56-0617), ਪੈਰ੍ਹਾ 54-55

[4] ਏਕਤਾ (62-0211) ਪੈਰ੍ਹਾ 33

[5] ਸਵਾਲ ਅਤੇ ਜਵਾਬ (64-0830 M) ਪੈਰ੍ਹਾ 58-61, 96, 104 ਪ੍ਰਸ਼ਨ ਨੰ. 329

[6] ਪ੍ਰਭੂ ਭੋਜ (65-1212) ਪੈਰ੍ਹਾ 44-53